ਮਿੱਠੇ ਬੱਚੇ:- ਯੋਗ ਨਾਲ ਹੀ ਆਤਮਾ ਦੀ ਖਾਦ ਨਿਕਲੇਗੀ , ਬਾਪ ਤੋਂ ਪੂਰਾ ਵਰਸਾ ਮਿਲੇਗਾ , ਇਸਲਈ ਜਿੰਨਾਂ ਹੋ ਸਕੇ ਯੋਗਬਲ ਵਧਾਓ "

ਪ੍ਰਸ਼ਨ:- ਦੇਵੀ - ਦੇਵਤਾਵਾਂ ਦੇ ਕਰਮ ਸ੍ਰੇਸ਼ਠ ਸਨ, ਹੁਣ ਸਭ ਦੇ ਕਰਮ ਭ੍ਰਸ਼ਟ ਕਿਉਂ ਬਣੇ ਹਨ?

ਉੱਤਰ:- ਕਿਉਂਕਿ ਆਪਣੇ ਅਸਲੀ ਧਰਮ ਨੂੰ ਭੁੱਲ ਗਏ ਹਨ। ਧਰਮ ਭੁੱਲਣ ਦੇ ਕਾਰਨ ਹੀ ਜੋ ਕਰਮ ਕਰਦੇ ਹਨ ਉਹ ਭ੍ਰਸ਼ਟ ਹੁੰਦੇਂ ਹਨ। ਬਾਪ ਤੁਹਾਨੂੰ ਆਪਣੇ ਸਤ ਧਰਮ ਦੀ ਪਹਿਚਾਣ ਦਿੰਦੇ ਹਨ, ਨਾਲ - ਨਾਲ ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਸੁਣਾਉਂਦੇ ਹਨ, ਜੋ ਸਭ ਨੂੰ ਸੁਨਾਉਣੀ ਹੈ, ਬਾਪ ਦਾ ਸਤ ਪਰਿਚੈ ਦੇਣਾ ਹੈ।

ਗੀਤ:- ਮੁਖੜ੍ਹਾ ਦੇਖ ਲੇ ਪ੍ਰਾਣੀ...

ਓਮ ਸ਼ਾਂਤੀ। ਇਹ ਕਿਸਨੇ ਕਿਹਾ ਅਤੇ ਕਿਸਨੂੰ? ਬਾਪ ਨੇ ਕਿਹਾ ਬੱਚਿਆਂ ਨੂੰ। ਜਿੰਨਾਂ ਬੱਚਿਆਂ ਨੂੰ ਪਤਿਤ ਤੋਂ ਪਾਵਨ ਬਣਾ ਰਹੇ ਹਨ। ਬੱਚੇ ਜਾਣ ਗਏ ਹਨ ਕਿ ਅਸੀਂ ਭਾਰਤਵੰਸ਼ੀ ਜੋ ਦੇਵੀ - ਦੇਵਤਾ ਸੀ, ਉਹ ਹੁਣ 84 ਜਨਮਾਂ ਦਾ ਚੱਕਰ ਲਗਾਕੇ ਸਤੋਪ੍ਰਧਾਨ ਤੋਂ ਪਾਸ ਕਰ ਹੁਣ ਸਤੋ, ਤਜੋ, ਤਮੋ ਅਤੇ ਹੁਣ ਤਮੋਪ੍ਰਧਾਨ ਬਣ ਗਏ ਹਨ। ਹੁਣ ਫਿਰ ਪਤਿਤਾਂ ਨੂੰ ਪਾਵਨ ਬਨਾਉਣ ਵਾਲਾ ਬਾਪ ਕਹਿੰਦੇ ਹਨ, ਆਪਣੇ ਦਿਲ ਤੋਂ ਪੁੱਛੋ ਕਿ ਕਿਥੋਂ ਤੱਕ ਅਸੀਂ ਪੁੰਨ ਆਤਮਾ ਬਣੇ ਹਾਂ? ਤੁਸੀਂ ਸਤੋਪ੍ਰਧਾਨ ਪਵਿੱਤਰ ਆਤਮਾ ਸੀ, ਜਦੋਂ ਇੱਥੇ ਪਹਿਲਾਂ - ਪਹਿਲਾਂ ਤੁਸੀਂ ਦੇਵੀ - ਦੇਵਤਾ ਕਹਾਉਂਦੇ ਸੀ, ਜਿਸ ਨੂੰ ਆਦਿ ਸਨਾਤਨ ਦੇਵੀ - ਦੇਵਤਾ ਧਰਮ ਕਿਹਾ ਜਾਂਦਾ ਸੀ। ਹੁਣ ਕੋਈ ਭਾਰਤਵਾਸੀ ਆਪਣੇ ਨੂੰ ਦੇਵੀ - ਦੇਵਤਾ ਧਰਮ ਦੇ ਨਹੀਂ ਕਹਾਉਂਦੇ। ਹਿੰਦੂ ਕੋਈ ਧਰਮ ਹੈ ਨਹੀਂ। ਲੇਕਿਨ ਪਤਿਤ ਹੋਣ ਦੇ ਕਾਰਨ ਆਪਣੇ ਨੂੰ ਦੇਵਤਾ ਕਹਾ ਨਹੀਂ ਸਕਦੇ। ਸਤਿਯੁਗ ਵਿੱਚ ਦੇਵਤੇ ਪਵਿੱਤਰ ਸਨ। ਪਵਿੱਤਰ ਪ੍ਰਵ੍ਰਿਤੀ ਮਾਰਗ ਸੀ, ਜਿਵੇਂ ਰਾਜਾ - ਰਾਣੀ ਉਵੇਂ ਪ੍ਰਜਾ ਪਵਿੱਤਰ ਸਨ। ਭਾਰਤਵਾਸੀਆਂ ਨੂੰ ਬਾਪ ਯਾਦ ਦਵਾਉਂਦੇ ਹਨ ਕਿ ਤੁਸੀਂ ਪਵਿੱਤਰ ਪ੍ਰਵ੍ਰਿਤੀ ਮਾਰਗ ਵਾਲੇ ਆਦਿ ਸਨਾਤਨ ਦੇਵੀ - ਦੇਵਤਾ ਧਰਮ ਵਾਲੇ ਸਨ, ਉਸ ਨੂੰ ਸਵਰਗ ਕਿਹਾ ਜਾਂਦਾ ਸੀ। ਉੱਥੇ ਇੱਕ ਹੀ ਧਰਮ ਸੀ, ਪਹਿਲਾ ਨੰਬਰ ਮਹਾਰਾਜਾ - ਮਹਾਰਾਣੀ, ਲਕਸ਼ਮੀ ਨਾਰਾਇਣ ਸਨ। ਉਨ੍ਹਾਂ ਦੀ ਵੀ ਡਿਨੇਸਟੀ ਸੀ ਅਤੇ ਭਾਰਤ ਬਹੁਤ ਧਨਵਾਨ ਸੀ, ਉਹ ਸਤਿਯੁਗ ਸੀ। ਫਿਰ ਆਏ ਤ੍ਰੇਤਾ ਵਿੱਚ ਤਾਂ ਵੀ ਪੂਜੀਏ ਦੇਵੀ - ਦੇਵਤਾ ਜਾਂ ਸ਼ਤਰੀ ਕਹਾਉਂਦੇ ਸੀ। ਉਹ ਲਕਸ਼ਮੀ - ਨਾਰਾਇਣ ਦਾ ਰਾਜ, ਉਹ ਸੀਤਾ ਰਾਮ ਦਾ ਰਾਜ, ਉਹ ਵੀ ਡਿਨੇਸਟੀ ਚੱਲੀ। ਜਿਵੇਂ ਕ੍ਰਿਸ਼ਚਨਾਂ ਵਿੱਚ ਐਡਵਰਡ ਦੀ ਫ਼ਸਟ, ਸੈਕਿੰਡ... ਇਵੇਂ ਚਲਦਾ ਹੈ। ਉਵੇਂ ਭਾਰਤ ਵਿੱਚ ਵੀ ਅਜਿਹਾ ਸੀ। 5 ਹਜ਼ਾਰ ਵਰ੍ਹੇ ਦੀ ਗੱਲ ਹੈ ਮਤਲਬ 5 ਹਜ਼ਾਰ ਵਰ੍ਹੇ ਪਹਿਲੋਂ ਭਾਰਤ ਤੇ ਇਨ੍ਹਾਂ ਲਕਸ਼ਮੀ - ਨਰਾਇਣ ਦਾ ਰਾਜ ਸੀ। ਪ੍ਰੰਤੂ ਉਨ੍ਹਾਂਨੇ ਇਹ ਰਾਜ ਕਦੋਂ ਅਤੇ ਕਿਵੇਂ ਪਾਇਆ - ਇਹ ਕੋਈ ਨਹੀਂ ਜਾਣਦੇ। ਉਹ ਹੀ ਸੂਰਜਵੰਸ਼ੀ ਰਾਜ ਫਿਰ ਚੰਦ੍ਰਵੰਸ਼ੀ ਵਿੱਚ ਆਇਆ ਕਿਉਂਕਿ ਪੁਨਰਜਨਮ ਲੈਂਦੇ - ਲੈਂਦੇ ਸੀੜੀ ਉਤਰਨੀ ਹੈ। ਇਹ ਭਾਰਤ ਦੀ ਹਿਸਟ੍ਰੀ - ਜੋਗ੍ਰਾਫੀ ਕੋਈ ਨਹੀਂ ਜਾਣਦੇ। ਰਚਤਾ ਹੈ ਬਾਪ ਤਾਂ ਜਰੂਰ ਸਤਿਯੁਗੀ ਨਵੀਂ ਦੁਨੀਆਂ ਦਾ ਰਚਤਾ ਠਹਿਰਿਆ। ਬਾਪ ਕਹਿੰਦੇ ਹਨ ਬੱਚੇ, ਤੁਸੀਂ ਅੱਜ ਤੋਂ 5 ਹਜ਼ਾਰ ਵਰ੍ਹੇ ਪਹਿਲਾਂ ਸਵਰਗ ਵਿੱਚ ਸੀ। ਇਹ ਭਾਰਤ ਸਵਰਗ ਸੀ ਫਿਰ ਨਰਕ ਵਿੱਚ ਆਏ ਹਾਂ। ਦੁਨੀਆਂ ਤਾਂ ਇਸ ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਨੂੰ ਨਹੀਂ ਜਾਣਦੀ। ਉਹ ਤਾਂ ਅਧੂਰੀ ਸਿਰਫ ਪਿਛਾੜੀ ਦੀ ਹਿਸਟ੍ਰੀ ਨੂੰ ਜਾਣਦੇ ਹਨ। ਸਤਿਯੁਗ, ਤ੍ਰੇਤਾ ਦੀ ਹਿਸਟ੍ਰੀ - ਜੋਗ੍ਰਾਫੀ ਨੂੰ ਕੋਈ ਨਹੀਂ ਜਾਣਦੇ। ਰਿਸ਼ੀ - ਮੁਨੀ ਵੀ ਕਹਿੰਦੇ ਗਏ ਅਸੀਂ ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਨਹੀਂ ਜਾਣਦੇ ਹਾਂ। ਜਾਣੇ ਵੀ ਕੋਈ ਕਿਵੇਂ, ਬਾਪ ਤੁਹਾਨੂੰ ਹੀ ਬੈਠ ਸਮਝਾਉਂਦੇ ਹਨ। ਸ਼ਿਵਬਾਬਾ ਭਾਰਤ ਵਿੱਚ ਹੀ ਦਿਵਯ ਜਨਮ ਲੈਂਦੇ ਹਨ, ਜਿਸ ਦੀ ਸ਼ਿਵ ਜਯੰਤੀ ਵੀ ਹੁੰਦੀ ਹੈ। ਸ਼ਿਵ ਜਯੰਤੀ ਦੇ ਬਾਦ ਫਿਰ ਗੀਤਾ ਜਯੰਤੀ। ਫਿਰ ਨਾਲ - ਨਾਲ ਹੋਣੀ ਚਾਹੀਦੀ ਹੈ ਕ੍ਰਿਸ਼ਨ ਜਯੰਤੀ। ਪਰ ਇਸ ਜਯੰਤੀ ਦਾ ਰਾਜ਼ ਭਾਰਤਵਾਸੀ ਜਾਣਦੇ ਨਹੀਂ ਹਨ ਕਿ ਸ਼ਿਵ ਜਯੰਤੀ ਕਦੋ ਆਈ। ਹੋਰ ਧਰਮ ਵਾਲੇ ਤਾਂ ਝੱਟ ਦੱਸਣਗੇ - ਬੁੱਧ ਜਯੰਤੀ, ਕ੍ਰਾਇਸਟ ਜਯੰਤੀ ਕਦੋਂ ਹੋਈ। ਭਾਰਤਵਾਸੀਆਂ ਨੂੰ ਪੁੱਛੋ ਸ਼ਿਵ ਜਯੰਤੀ ਕਦੋਂ ਹੋਈ? ਕੋਈ ਨਹੀਂ ਦੱਸਣਗੇ। ਸ਼ਿਵ ਭਾਰਤ ਵਿੱਚ ਆਇਆ, ਆਕੇ ਕੀ ਕੀਤਾ? ਕੋਈ ਨਹੀਂ ਜਾਣਦੇ। ਸ਼ਿਵ ਠਹਿਰਿਆ ਸਾਰੀਆਂ ਆਤਮਾਵਾਂ ਦਾ ਬਾਪ। ਆਤਮਾ ਹੈ ਅਵਿਨਾਸ਼ੀ। ਆਤਮਾ ਇੱਕ ਸ਼ਰੀਰ ਛੱਡ ਦੂਜਾ ਲੈਂਦੀ ਹੈ। ਇਹ 84 ਦਾ ਚੱਕਰ ਹੈ। ਸ਼ਾਸਤਰਾਂ ਵਿੱਚ ਤਾਂ 84 ਲੱਖ ਜਨਮ ਦਾ ਗਪੋੜਾ ਲਗਾ ਦਿੱਤਾ ਹੈ। ਬਾਪ ਆਕੇ ਰਾਈਟ ਗੱਲ ਦੱਸਦੇ ਹਨ। ਬਾਪ ਦੇ ਸਿਵਾਏ ਬਾਕੀ ਸਭ ਰਚਤਾ ਅਤੇ ਰਚਨਾ ਦੇ ਲਈ ਝੂਠ ਹੀ ਬੋਲਦੇ ਹਨ ਕਿਉਂਕਿ ਇਹ ਹੈ ਮਾਇਆ ਦਾ ਰਾਜ। ਪਹਿਲਾਂ ਤੁਸੀਂ ਪਾਰਸਬੁੱਧੀ ਸੀ, ਭਾਰਤ ਪਾਰਸਪੁਰੀ ਸੀ। ਸੋਨੇ, ਹੀਰੇ, ਜਵਾਹਰਾਤਾਂ ਦੇ ਮਹਿਲ ਸਨ। ਬਾਪ ਬੈਠ ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਦਾ ਰਾਜ਼ ਮਤਲਬ ਦੁਨੀਆਂ ਦੀ ਹਿਸਟ੍ਰੀ - ਜੋਗ੍ਰਾਫੀ ਦੱਸਦੇ ਹਨ। ਭਾਰਤਵਾਸੀ ਇਹ ਨਹੀਂ ਜਾਣਦੇ ਕਿ ਅਸੀਂ ਪਹਿਲੋਂ - ਪਹਿਲੋਂ ਦੇਵੀ - ਦੇਵਤਾ ਸੀ, ਹੁਣ ਪਤਿਤ, ਕੰਗਾਲ, ਇਰਿਲੀਜਿਅਸ ਬਣ ਗਏ ਹੋ, ਆਪਣੇ ਧਰਮ ਨੂੰ ਭੁੱਲ ਗਏ ਹੋ। ਇਹ ਵੀ ਡਰਾਮੇ ਅਨੁਸਾਰ ਹੋਣਾ ਹੈ। ਤਾਂ ਇਹ ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਬੁੱਧੀ ਵਿੱਚ ਆਉਣੀ ਚਾਹੀਦੀ ਹੈ। ਉੱਚ ਤੋਂ ਉੱਚ ਸ੍ਰਵ ਆਤਮਾਵਾਂ ਦਾ ਬਾਪ ਮੂਲਵਤਨ ਵਿੱਚ ਰਹਿੰਦੇ ਹਨ, ਫਿਰ ਹੈ ਸੁਖਸ਼ਮਵਤਨ। ਇਹ ਹੈ ਸਥੂਲਵਤਨ। ਸੁਖਸ਼ਮਵਤਨ ਵਿੱਚ ਸਿਰਫ ਬ੍ਰਹਮਾ - ਵਿਸ਼ਨੂੰ - ਸ਼ੰਕਰ ਰਹਿੰਦੇ ਹਨ। ਉਨ੍ਹਾਂ ਦੀ ਕੋਈ ਦੂਜੀ ਹਿਸਟ੍ਰੀ - ਜੋਗ੍ਰਾਫੀ ਨਹੀਂ ਹੈ। ਇਹ ਤਿੰਨ ਤਬਕੇ ਹਨ। ਗੌਡ ਇਜ਼ ਵਨ। ਉਨ੍ਹਾਂ ਦੀ ਰਚਨਾ ਵੀ ਇੱਕ ਹੈ, ਜੋ ਚੱਕਰ ਫਿਰਦਾ ਰਹਿੰਦਾ ਹੈ। ਸਤਿਯੁਗ ਤੋਂ ਤ੍ਰੇਤਾ ਫਿਰ ਦਵਾਪਰ, ਕਲਯੁਗ ਵਿੱਚ ਆਉਣਾ ਪਵੇ। 84 ਜਨਮਾਂ ਦਾ ਹਿਸਾਬ ਚਾਹੀਦਾ ਹੈ ਨਾ, ਜੋ

ਕੋਈ ਵੀ ਨਹੀਂ ਜਾਣਦੇ ਹਨ। ਨਾ ਕਿਸੇ ਸ਼ਾਸਤਰ ਵਿੱਚ ਹੈ। 84 ਜਨਮਾਂ ਦਾ ਪਾਰਟ ਤੁਸੀਂ ਬੱਚੇ ਹੀ ਵਜਾਉਂਦੇ ਹੋ।। ਬਾਪ ਤਾਂ ਇਸ ਚੱਕਰ ਵਿੱਚ ਨਹੀਂ ਆਉਂਦੇ ਹਨ। ਬੱਚੇ ਹੀ ਪਾਵਨ ਤੋਂ ਪਤਿਤ ਬਣ ਜਾਂਦੇ ਹਨ ਇਸ ਲਈ ਚਿਲਾਉਂਦੇ ਹਨ - ਬਾਬਾ ਆਕੇ ਸਾਨੂੰ ਫਿਰ ਤੋਂ ਪਾਵਨ ਬਣਾਓ। ਇੱਕ ਨੂੰ ਹੀ ਸਭ ਪੁਕਾਰਦੇ ਹਨ। ਰਾਵਣ ਰਾਜ ਵਿੱਚ ਜੋ ਸਭ ਦੁਖੀ ਹੋਏ ਪਏ ਹਨ, ਉਨ੍ਹਾਂਨੂੰ ਆਕੇ ਲਿਬਰੇਟ ਕਰੋ ਫਿਰ ਰਾਮਰਾਜ ਵਿੱਚ ਲੈ ਜਾਵੋ। ਅਧਾਕਲਪ ਹੈ ਰਾਮਰਾਜ। ਅਧਾਕਲਪ ਹੈ ਰਾਵਣ ਰਾਜ। ਭਾਰਤਵਾਸੀ ਜੋ ਪਵਿੱਤਰ ਸਨ ਉਹ ਹੀ ਪਤਿਤ ਬਣਦੇ ਹਨ। ਵਾਮ ਮਾਰਗ ਵਿੱਚ ਜਾਣ ਨਾਲ ਪਤਿਤ ਹੋਣਾ ਸ਼ੁਰੂ ਹੁੰਦੇਂ ਹਨ। ਭਗਤੀਮਾਰਗ ਸ਼ੁਰੂ ਹੁੰਦਾ ਹੈ। ਹੁਣ ਤੁਹਾਨੂੰ ਬੱਚਿਆਂ ਨੂੰ ਗਿਆਨ ਸੁਣਾਇਆ ਜਾਂਦਾ ਹੈ, ਜਿਸ ਨਾਲ ਅਧਾਕਲਪ, 21 ਜਨਮ ਦੇ ਲਈ ਤੁਸੀਂ ਸੁਖ ਦਾ ਵਰਸਾ ਪਾਉਂਦੇ ਹੋ। ਅਧਾਕਲਪ ਗਿਆਨ ਦੀ ਪ੍ਰਾਲਬੱਧ ਚਲਦੀ ਹੈ। ਫਿਰ ਰਾਵਣ ਰਾਜ ਹੁੰਦਾ ਹੈ। ਡਿੱਗਣ ਲੱਗ ਪੈਂਦੇ ਹਨ। ਤੁਸੀਂ ਦੈਵੀ ਰਾਜ ਵਿੱਚ ਸੀ ਫਿਰ ਆਸੁਰੀ ਰਾਜ ਵਿਚ ਆ ਗਏ ਹੋ, ਇਸਨੂੰ ਹੇਲ ਵੀ ਕਹਿੰਦੇ ਹਨ। ਤੁਸੀਂ ਹੈਵਿਨ ਵਿੱਚ ਸੀ ਫਿਰ 84 ਜਨਮ ਪਾਸ ਕਰ ਹੇਲ ਵਿਚ ਆਕੇ ਪਏ ਹੋ। ਉਹ ਸੀ ਸੁਖਧਾਮ। ਇਹ ਹੈ ਦੁਖਧਾਮ, 100 ਪ੍ਰਤੀਸ਼ਤ ਇਨਸਾਲਵੇਂਟ। 84 ਜਨਮਾਂ ਦਾ ਚੱਕਰ ਲਗਾਉਂਦੇ, ਉਹ ਹੀ ਭਾਰਤਵਾਸੀ ਪੁਜੀਏ ਤੋਂ ਪੂਜਾਰੀ ਬਣ ਗਏ ਹਨ। ਇਸਨੂੰ ਹੀ ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਕਿਹਾ ਜਾਂਦਾ ਹੈ। ਇਹ ਹੈ ਸਾਰਾ ਤੁਹਾਡਾ ਭਾਰਤਵਾਸੀਆਂ ਦਾ ਚੱਕਰ, ਹੋਰ ਧਰਮ ਵਾਲੇ ਤਾਂ 84 ਜਨਮ ਨਹੀਂ ਲੈਂਦੇ ਹਨ। ਉਹ ਸਤਿਯੁਗ ਵਿੱਚ ਹੁੰਦੇਂ ਹੀ ਨਹੀਂ। ਸਤਿਯੁਗ, ਤ੍ਰੇਤਾ ਵਿੱਚ ਸਿਰ੍ਫ ਭਾਰਤ ਹੀ ਸੀ। ਸੂਰਜਵੰਸ਼ੀ, ਚੰਦ੍ਰਵੰਸ਼ੀ ਫਿਰ ਵੈਸ਼ਵੰਸ਼ੀ, ਸ਼ੂਦ੍ਰਵੰਸ਼ੀ... ਹੁਣ ਫਿਰ ਤੁਸੀਂ ਆਕੇ ਬ੍ਰਾਹਮਣਵੰਸ਼ੀ ਬਣੇ ਹੋ, ਦੇਵਤਾਵੰਸ਼ੀ ਬਣਨ ਦੇ ਲਈ। ਇਹ ਹਨ ਭਾਰਤ ਦੇ ਵਰਣ। ਹੁਣ ਤੁਸੀਂ ਬ੍ਰਾਹਮਣ ਬਣਨ ਨਾਲ ਸ਼ਿਵਬਾਬਾ ਤੋਂ ਵਰਸਾ ਲੈ ਰਹੇ ਹੋ। ਬਾਪ ਤੁਹਾਨੂੰ ਪੜ੍ਹਾ ਰਹੇ ਹਨ, 5 ਹਜ਼ਾਰ ਵਰ੍ਹੇ ਪਹਿਲੋਂ ਤਰ੍ਹਾਂ। ਕਲਪ - ਕਲਪ ਤੁਸੀਂ ਪਾਵਨ ਬਣ ਫਿਰ ਪਤਿਤ ਬਣਦੇ ਹੋ। ਸੁਖਧਾਮ ਵਿੱਚ ਜਾਕੇ ਫਿਰ ਦੁਖਧਾਮ ਵਿੱਚ ਆਉਂਦੇ ਹੋ। ਫਿਰ ਸ਼ਾਂਤੀਧਾਮ ਵਿੱਚ ਜਾਣਾ ਹੈ, ਜਿਸਨੂੰ ਨਿਰਵਿਕਾਰੀ ਦੁਨੀਆਂ ਕਿਹਾ ਜਾਂਦਾ ਹੈ। ਆਤਮਾ ਕੀ ਹੈ, ਪਰਮਾਤਮਾ ਕੀ ਹੈ, ਇਹ ਕੋਈ ਵੀ ਮਨੁੱਖ ਨਹੀਂ ਜਾਣਦੇ ਹਨ। ਆਤਮਾ ਵੀ ਇੱਕ ਸਟਾਰ ਬਿੰਦੀ ਹੈ। ਕਹਿੰਦੇ ਹਨ - ਭ੍ਰਿਕੁਟੀ ਦੇ ਵਿੱਚ ਸਿਤਾਰਾ ਚਮਕਦਾ ਹੈ, ਛੋਟੀ ਜਿਹੀ ਬਿੰਦੀ ਹੈ, ਜਿਸਨੂੰ ਦਿਵਿਆ ਦ੍ਰਿਸ਼ਟੀ ਦਵਾਰਾ ਵੇਖਿਆ ਜਾ ਸਕਦਾ ਹੈ। ਅਸਲ ਵਿੱਚ ਸਟਾਰ ਵੀ ਨਹੀਂ ਕਿਹਾ ਜਾਵੇਗਾ। ਸਟਾਰ ਤਾਂ ਬਹੁਤ ਵੱਡਾ ਹੈ ਸਿਰਫ਼ ਦੂਰ ਹੋਣ ਦੇ ਕਾਰਨ ਛੋਟਾ ਵਿਖਾਈ ਦਿੰਦਾ ਹੈ। ਇਹ ਸਿਰ੍ਫ ਇੱਕ ਮਿਸਾਲ ਦਿੱਤਾ ਜਾਂਦਾ ਹੈ। ਆਤਮਾ ਇਤਨੀ ਛੋਟੀ ਹੈ ਜਿਵੇਂ ਉੱਪਰ ਵਿੱਚ ਸਟਾਰ ਛੋਟਾ ਵਿਖਾਈ ਦਿੰਦਾ ਹੈ। ਬਾਪ ਦੀ ਆਤਮਾ ਵੀ ਇੱਕ ਬਿੰਦੀ ਮਿਸਲ ਹੈ। ਉਨ੍ਹਾਂਨੂੰ ਸੁਪ੍ਰੀਮ ਆਤਮਾ ਕਿਹਾ ਜਾਂਦਾ ਹੈ। ਉਨ੍ਹਾਂ ਦੀ ਮਹਿਮਾ ਵੱਖ ਹੈ। ਮਨੁੱਖ ਸ੍ਰਿਸ਼ਟੀ ਦਾ ਚੇਤੰਨ ਬੀਜਰੂਪ ਹੋਣ ਦੇ ਕਾਰਨ ਉਨ੍ਹਾਂ ਵਿੱਚ ਸਾਰਾ ਗਿਆਨ ਹੈ। ਤੁਹਾਡੀ ਆਤਮਾ ਨੂੰ ਵੀ ਹੁਣ ਨਾਲੇਜ ਮਿਲ ਰਹੀ ਹੈ। ਆਤਮਾ ਹੀ ਨਾਲੇਜ ਗ੍ਰਹਿਣ ਕਰ ਰਹੀ ਹੈ, ਇਤਨੀ ਛੋਟੀ ਬਿੰਦੀ ਵਿੱਚ 84 ਜਨਮਾਂ ਦਾ ਪਾਰਟ ਨੂੰਧਿਆ ਹੋਇਆ ਹੈ। ਉਹ ਵੀ ਅਵਿਨਾਸ਼ੀ, 84 ਜਨਮਾਂ ਦਾ ਚੱਕਰ ਲਗਾਉਂਦੇ ਆਏ ਹੋ। ਇਸ ਦੀ ਏਂਡ ਹੋ ਨਹੀਂ ਸਕਦੀ। ਦੇਵਤਾ ਸੀ, ਦੈਤ ਬਣੇ ਫਿਰ ਸੋ ਦੇਵਤਾ ਬਣਨਾ ਹੈ। ਇਹ ਚੱਕਰ ਚਲਦਾ ਆਇਆ ਹੈ। ਬਾਕੀ ਤਾਂ ਸਾਰੇ ਹਨ ਬਾਈਪਲਾਟ। ਇਸਲਾਮੀ, ਬੋਧੀ ਆਦਿ ਕੋਈ 84 ਜਨਮ ਨਹੀਂ ਲੈਂਦੇ ਹਨ। ਇਹ ਹੀ ਸਤਿਯੁਗ ਭਾਰਤ ਵਿੱਚ ਰਾਈਟਿਅਸ ਸਾਲਵੇਂਟ ਸੀ ਫਿਰ 84 ਜਨਮ ਲੈ ਵਿਸ਼ਸ਼ ਬਣੇ ਹਨ। ਇਹ ਵਿਸ਼ਸ਼ ਵਰਲਡ ਹੈ। 5 ਹਜ਼ਾਰ ਵਰ੍ਹੇ ਪਹਿਲੋਂ ਪਿਓਰਿਟੀ ਸੀ, ਪੀਸ ਵੀ ਸੀ, ਪ੍ਰਾਸਪੈਰਿਟੀ ਵੀ ਸੀ। ਬਾਪ ਬੱਚਿਆਂ ਨੂੰ ਯਾਦ ਦਵਾਉਂਦੇ ਹਨ। ਮੁੱਖ ਹੈ - ਪਿਓਰਿਟੀ ਇਸਲਈ ਕਹਿੰਦੇ ਹਨ ਵਿਸ਼ਸ਼ ਨੂੰ ਵਾਇਸਲੇਸ ਬਨਾਉਣ ਵਾਲੇ ਆਓ। ਉਹ ਹੀ ਸਦਗਤੀ ਦੇਣ ਵਾਲਾ ਹੈ, ਇਸਲਈ ਉਹ ਹੀ ਸਤਿਗੁਰੂ ਹੈ। ਹੁਣ ਤੁਸੀਂ ਬਾਪ ਦਵਾਰਾ ਬੇਗਰ ਤੋਂ ਪ੍ਰਿੰਸ ਬਣ ਰਹੇ ਹੋ ਅਤੇ ਨਰ ਤੋਂ ਨਰਾਇਣ ਨਾਰੀ ਤੋਂ ਲਕਸ਼ਮੀ ਬਣਦੇ ਹੋ। ਤੁਹਾਡਾ ਇਹ ਰਾਜਯੋਗ ਹੈ। ਭਾਰਤ ਨੂੰ ਹੀ ਹੁਣ ਬਾਪ ਦਵਾਰਾ ਰਾਜਾਈ ਮਿਲਦੀ ਹੈ। ਆਤਮਾ ਹੀ 84 ਜਨਮ ਲੈਂਦੀ ਹੈ। ਆਤਮਾ ਹੀ ਪੜ੍ਹਦੀ ਹੈ, ਸ਼ਰੀਰ ਦਵਾਰਾ। ਸ਼ਰੀਰ ਨਹੀਂ ਪੜ੍ਹਦਾ। ਆਤਮਾ ਸੰਸਕਾਰ ਲੈ ਜਾਂਦੀ ਹੈ। ਮੈਂ ਆਤਮਾ ਇਸ ਸ਼ਰੀਰ ਦਵਾਰਾ ਪੜ੍ਹਦੀ ਹਾਂ - ਇਸਨੂੰ ਦੇਹੀ ਅਭਿਮਾਨੀ ਕਿਹਾ ਜਾਂਦਾ ਹੈ। ਆਤਮਾ ਵੱਖ ਹੋ ਜਾਂਦੀ ਹੈ ਤਾਂ ਸ਼ਰੀਰ ਕਿਸੇ ਕੰਮ ਦਾ ਨਹੀਂ ਰਹਿੰਦਾ ਹੈ। ਆਤਮਾ ਕਹਿੰਦੀ ਹੈ, ਹੁਣ ਮੈਂ ਪੁੰਨ ਆਤਮਾ ਬਣ ਰਹੀ ਹਾਂ। ਮਨੁੱਖ ਦੇਹ - ਅਭਿਮਾਨ ਵਿੱਚ ਆਕੇ ਕਹਿ ਦਿੰਦੇ ਹਨ ਇਹ ਕਰਦਾ ਹਾਂ... ਤੁਸੀਂ ਹੁਣ ਸਮਝਦੇ ਹੋ ਅਸੀਂ ਆਤਮਾ ਹਾਂ, ਇਹ ਸਾਡਾ ਸ਼ਰੀਰ ਵੱਡਾ ਹੈ। ਪਰਮਾਤਮਾ ਬਾਪ ਦਵਾਰਾ ਮੈਂ ਆਤਮਾ ਪੜ੍ਹ ਰਹੀ ਹਾਂ। ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ। ਤੁਸੀਂ ਗੋਲਡਨ ਏਜ਼ ਵਿੱਚ ਸਤੋਪ੍ਰਧਾਨ ਸੀ ਫਿਰ ਤੁਹਾਡੇ ਵਿੱਚ ਅਲਾਵਾਂ ਪਈਆਂ ਹਨ। ਖਾਦ ਪੈਂਦੇ - ਪੈਂਦੇ ਤੁਸੀਂ ਪਾਵਨ ਤੋਂ ਪਤਿਤ ਬਣ ਪਏ ਹੋ। ਹੁਣ ਫਿਰ ਬਣਨਾ ਹੈ ਇਸਲਈ ਕਹਿੰਦੇ ਹਨ - ਹੇ ਪਤਿਤ - ਪਾਵਨ ਆਓ, ਆਕੇ ਸਾਨੂੰ ਪਾਵਨ ਬਨਾਓ, ਤਾਂ ਬਾਪ ਰਾਏ ਦਿੰਦੇ ਹਨ ਹੇ ਪਤਿਤ ਆਤਮਾ ਮੈਨੂੰ ਬਾਪ ਨੂੰ ਯਾਦ ਕਰੋ ਤਾਂ ਤੁਹਾਡੇ ਵਿਚੋਂ ਖਾਦ ਨਿਕਲੇਗੀ ਅਤੇ ਤੁਸੀਂ ਪਾਵਨ ਬਣ ਜਾਵੋਗੇ। ਉਸਨੂੰ ਪ੍ਰਾਚੀਨ ਯੋਗ ਕਿਹਾ ਜਾਂਦਾ ਹੈ। ਇਸ ਯਾਦ ਮਤਲਬ ਯੋਗ ਅਗਨੀ ਨਾਲ ਖਾਦ ਭਸਮ ਹੋਵੇਗੀ। ਮੂਲ ਗੱਲ ਹੈ - ਪਤਿਤ ਤੋਂ ਪਾਵਨ ਬਣਨਾ। ਸਾਧੂ - ਸੰਤ ਆਦਿ ਸਭ ਪਤਿਤ ਹਨ। ਪਾਵਨ ਬਣਨ ਦਾ ਤਰੀਕਾ ਬਾਪ ਹੀ ਦੱਸਦੇ ਹਨ - ਮਾਮੇਕਮ ਯਾਦ ਕਰੋ। ਇਸ ਅੰਤਿਮ ਜਨਮ ਪਵਿੱਤਰ ਬਣੋਂ। ਖਾਂਦੇ - ਪੀਂਦੇ, ਚਲਦੇ - ਫਿਰਦੇ ਮਾਮੇਕਮ ਯਾਦ ਕਰੋ ਕਿਉਂਕਿ ਤੁਸੀਂ ਸਭ ਆਤਮਾਵਾਂ ਦਾ ( ਆਸ਼ਿਕਾਂ ਦਾ ) ਮਸ਼ੂਕ, ਮੈਂ ਹਾਂ। ਤੁਹਾਨੂੰ ਮੈਂ ਪਾਵਨ ਬਣਾਇਆ ਸੀ ਫਿਰ ਪਤਿਤ ਬਣੇ ਹੋ। ਸਾਰੀਆਂ ਭਗਤੀਆਂ ਆਸ਼ਿਕ ਹਨ। ਮਸ਼ੂਕ ਕਹਿੰਦੇ ਹਨ ਕਰਮ ਵੀ ਭਾਵੇਂ ਕਰੋ। ਬੁੱਧੀ ਨਾਲ ਮੈਨੂੰ ਯਾਦ ਕਰਦੇ ਰਹੋ ਤਾਂ ਵਿਕਰਮ ਵਿਨਾਸ਼ ਹੋਣਗੇ। ਇਹ ਮਿਹਨਤ ਹੈ। ਤਾਂ ਬਾਪ ਨੂੰ ਯਾਦ ਕਰਨਾ ਚਾਹੀਦਾ ਹੈ ਨਾ, ਵਰਸਾ ਪਾਉਣ ਦੇ ਲਈ। ਜੋ ਜ਼ਿਆਦਾ ਯਾਦ ਕਰਨਗੇ ਉਨ੍ਹਾਂਨੂੰ ਵਰਸਾ ਵੀ ਜ਼ਿਆਦਾ ਮਿਲੇਗਾ। ਇਹ ਹੈ ਯਾਦ ਦੀ ਯਾਤ੍ਰਾ। ਜੋ ਜ਼ਿਆਦਾ ਯਾਦ ਕਰਨਗੇ ਉਹ ਪਾਵਨ ਬਣ ਆਕੇ ਮੇਰੇ ਗਲੇ ਦਾ ਹਾਰ ਬਣਨਗੇ। ਸਾਰੀਆਂ ਆਤਮਾਵਾਂ ਦਾ ਨਿਰਾਕਾਰੀ ਦੁਨੀਆਂ ਵਿੱਚ ਇੱਕ ਸਿਜਰਾ ਬਣਿਆ ਹੋਇਆ ਹੈ। ਉਸਨੂੰ ਇਨ ਕਾਰਪੋਰੀਅਲ ਟ੍ਰੀ ਕਿਹਾ ਜਾਂਦਾ ਹੈ। ਇਹ ਹੈ ਕਾਰਪੋਰੀਅਲ ਟ੍ਰੀ, ਨਿਰਾਕਾਰੀ ਦੁਨੀਆਂ ਤੋਂ ਸਭ ਨੂੰ ਨੰਬਰਵਾਰ ਆਉਣਾ ਹੈ, ਆਉਂਦੇ ਹੀ ਰਹਿਣਾ ਹੈ। ਝਾੜ ਕਿੰਨਾ ਵੱਡਾ ਹੈ। ਆਤਮਾ ਇੱਥੇ ਆਉਂਦੀ ਹੈ ਪਾਰਟ ਵਜਾਉਣ। ਜੋ ਵੀ ਸਭ ਆਤਮਾਵਾਂ ਹਨ, ਸਭ ਇਸ ਡਰਾਮੇ ਦੇ

ਐਕਟਰਸ ਹਨ। ਆਤਮਾ ਅਵਿਨਾਸ਼ੀ ਹੈ, ਉਸ ਵਿੱਚ ਪਾਰਟ ਵੀ ਅਵਿਨਾਸ਼ੀ ਹੈ। ਡਰਾਮਾ ਕਦੋਂ ਬਣਿਆ, ਇਹ ਕਹਿ ਨਹੀਂ ਸਕਦੇ। ਇਹ ਚਲਦਾ ਹੀ ਰਹਿੰਦਾ ਹੈ। ਭਾਰਤਵਾਸੀ ਪਹਿਲਾਂ - ਪਹਿਲਾਂ ਸੁਖ ਵਿੱਚ ਸਨ ਫਿਰ ਦੁਖ ਵਿੱਚ ਆਏ, ਫਿਰ ਸ਼ਾਂਤੀਧਾਮ ਵਿੱਚ ਜਾਣਾ ਹੈ। ਫਿਰ ਬਾਪ ਸੁਖਧਾਮ ਵਿੱਚ ਭੇਜ ਦੇਣਗੇ। ਉਸ ਵਿੱਚ ਜੋ ਜਿੰਨਾਂ ਪੁਰਸ਼ਾਰਥ ਕਰ ਉੱਚੀ ਪਦਵੀ ਪਾਉਣ, ਬਾਪ ਕਿੰਗਡਮ ਸਥਾਪਨ ਕਰਦੇ ਹਨ। ਉਸ ਵਿੱਚ ਪੁਰਸ਼ਾਰਥ ਅਨੁਸਾਰ ਰਾਜਾਈ ਪਦਵੀ ਪਾਉਣਗੇ। ਸਤਿਯੁਗ ਵਿੱਚ ਤਾਂ ਥੋੜ੍ਹੇ ਮਨੁੱਖ ਹੋਣਗੇ। ਆਦਿ ਸਨਾਤਨ ਦੇਵੀ - ਦੇਵਤਾ ਧਰਮ ਦਾ ਝਾੜ ਛੋਟਾ ਹੈ, ਬਾਕੀ ਸਭ ਵਿਨਾਸ਼ ਹੋ ਜਾਣਗੇ। ਇਹ ਆਦਿ ਸਨਾਤਨ ਦੇਵੀ - ਦੇਵਤਾ ਧਰਮ ਸਥਾਪਨ ਹੋ ਰਿਹਾ ਹੈ ਮਤਲਬ ਸਵਰਗ ਦੇ ਗੇਟ ਖੁਲ੍ਹ ਰਹੇ ਹਨ। 5 ਹਜ਼ਾਰ ਵਰ੍ਹੇ ਪਹਿਲਾਂ ਵੀ ਇਸ ਲੜ੍ਹਾਈ ਦੇ ਬਾਦ ਸਵਰਗ ਦੀ ਸਥਾਪਨਾ ਹੋਈ ਸੀ। ਅਨੇਕ ਧਰਮ ਵਿਨਾਸ਼ ਹੋ ਗਏ ਸਨ। ਇਸ ਲੜ੍ਹਾਈ ਨੂੰ ਕਿਹਾ ਜਾਂਦਾ ਹੈ ਕਲਿਆਣਕਾਰੀ ਲੜ੍ਹਾਈ। ਹੁਣ ਨਰਕ ਦੇ ਗੇਟ ਖੁਲ੍ਹੇ ਹਨ, ਫਿਰ ਸਵਰਗ ਦੇ ਗੇਟ ਖੁਲ੍ਹਣਗੇ। ਸਵਰਗ ਦੇ ਦਵਾਰ ਬਾਪ ਖੋਲ੍ਹਦੇ ਹਨ। ਨਰਕ ਦੇ ਦਵਾਰ ਰਾਵਣ ਖੋਲ੍ਹਦੇ ਹਨ। ਬਾਪ ਵਰਸਾ ਦਿੰਦੇ ਹਨ, ਰਾਵਣ ਸ਼ਰਾਪ ਦਿੰਦੇ ਹਨ। ਇਹ ਗੱਲਾਂ ਦੁਨੀਆਂ ਨਹੀਂ ਜਾਣਦੀ, ਤੁਹਾਨੂੰ ਬੱਚਿਆਂ ਨੂੰ ਸਮਝਾਉਂਦਾ ਹਾਂ। ਐਜੂਕੇਸ਼ਨ ਮਨਿਸਟਰ ਵੀ ਬੇਹੱਦ ਦੀ ਨਾਲੇਜ ਚਾਹੁੰਦੇ ਹਨ। ਸੋ ਤਾਂ ਤੁਸੀਂ ਹੀ ਦੇ ਸਕਦੇ ਹੋ। ਪ੍ਰੰਤੂ ਤੁਸੀਂ ਹੋ ਗੁਪਤ। ਤੁਹਾਨੂੰ ਪਹਿਚਾਣਦੇ ਹੀ ਨਹੀਂ ਹਨ। ਤੁਸੀਂ ਯੋਗਬਲ ਨਾਲ ਆਪਣੀ ਰਾਜਾਈ ਲੈ ਰਹੇ ਹੋ। ਲਕਸ਼ਮੀ - ਨਾਰਾਇਣ ਨੇ ਇਹ ਰਾਜ ਕਿਵੇਂ ਪਾਇਆ ਸੋ ਤੁਸੀਂ ਜਾਣਦੇ ਹੋ। ਇਸਨੂੰ ਕਿਹਾ ਜਾਂਦਾ ਹੈ।ਆਸਪਿਸ਼ੀਅਸ ਕਲਿਆਣਕਾਰੀ ਯੁਗ। ਜਦੋਂਕਿ ਬਾਪ ਆਕੇ ਪਾਵਨ ਬਨਾਉਂਦੇ ਹਨ। ਕ੍ਰਿਸ਼ਨ ਨੂੰ ਤੇ ਸਾਰੇ ਬਾਪ ਨਹੀਂ ਕਹਿਣਗੇ। ਬਾਪ ਨਿਰਾਕਾਰ ਨੂੰ ਕਿਹਾ ਜਾਂਦਾ ਹੈ, ਉਸ ਬਾਪ ਨੂੰ ਹੀ ਯਾਦ ਕਰਨਾ ਹੈ, ਪਾਵਨ ਵੀ ਬਣਨਾ ਹੈ। ਵਿਕਾਰਾਂ ਨੂੰ ਜਰੂਰ ਛੱਡਣਾ ਪਵੇ। ਭਾਰਤ ਵਾਇਸਲੇਸ ਸੁਖਧਾਮ ਸੀ ਹੁਣ ਵਿਸ਼ਸ਼, ਦੁਖਧਾਮ ਹੈ। ਵਰਥ ਨਾਟ ਏ ਪੈਣੀ ਹੈ। ਇਹ ਡਰਾਮੇ ਦਾ ਖੇਲ੍ਹ ਹੈ, ਜਿਸਨੂੰ ਬੁੱਧੀ ਵਿੱਚ ਧਾਰਨ ਕਰਕੇ ਹੋਰਾਂ ਨੂੰ ਵੀ ਕਰਵਾਉਣਾ ਹੈ। ਅੱਛਾ।

ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਯਾਦ ਨਾਲ ਪਾਵਨ ਬਣ ਬਾਪ ਦੇ ਗਲੇ ਦਾ ਹਾਰ ਬਣਨਾ ਹੈ। ਕਰਮ ਕਰਦੇ ਵੀ ਬਾਪ ਦੀ ਯਾਦ ਵਿੱਚ ਰਹਿ ਵਿਕ੍ਰਮਾਜੀਤ ਬਣਨਾ ਹੈ।

2. ਪੁੰਨ ਆਤਮਾ ਬਣਨ ਦਾ ਪੂਰਾ - ਪੂਰਾ ਪੁਰਸ਼ਾਰਥ ਕਰਨਾ ਹੈ। ਦੇਹ - ਅਭਿਮਾਨ ਛੱਡ ਦੇਹੀ - ਅਭਿਮਾਨੀ ਬਣਨਾ ਹੈ।

ਵਰਦਾਨ:- ਆਪਣੇ ਬੁੱਧੀ ਰੂਪੀ ਨੇਤ੍ਰ ਨੂੰ ਕਲੀਅਰ ਅਤੇ ਕੇਅਰਫੁੱਲ ਰੱਖਣ ਵਾਲੇ ਮਾਸਟਰ ਨਾਲੇਜਫੁੱਲ , ਪਾਵਰਫੁੱਲ ਭਵ।

ਜਿਵੇਂ ਜੋਤਸ਼ੀ ਆਪਣੇ ਜੋਤਸ਼ ਦੀ ਨਾਲੇਜ ਨਾਲ, ਗ੍ਰਹਾਂ ਦੀ ਨਾਲੇਜ ਨਾਲ ਆਉਣ ਵਾਲੀਆਂ ਆਪਦਾਵਾਂ ਨੂੰ ਜਾਣ ਲੈਂਦੇ ਹਨ, ਇਵੇਂ ਤੁਸੀਂ ਬੱਚੇ ਇਨਐਡਵਾਂਸ ਮਾਯਾ ਦ੍ਵਾਰਾ ਆਉਣ ਵਾਲੇ ਪੇਪ੍ਰਜ ਨੂੰ ਪਰਖ ਕੇ ਪਾਸ ਵਿਧ ਆਨਰ ਬਣਨ ਦੇ ਲਈ ਆਪਣੇ ਬੁੱਧੀ ਰੂਪੀ ਨੇਤ੍ਰ ਨੂੰ ਕਲੀਅਰ ਬਣਾਓ ਅਤੇ ਕੇਅਰਫੁੱਲ ਰਹੋ। ਦਿਨ ਪ੍ਰਤੀਦਿਨ ਯਾਦ ਦੀ ਅਤੇ ਸਾਇਲੈਂਸ ਦੀ ਸ਼ਕਤੀ ਨੂੰ ਵਧਾਓ ਤਾਂ ਪਹਿਲੇ ਤੋਂ ਹੀ ਪਤਾ ਪੈ ਜਾਵੇਗਾ ਕਿ ਅੱਜ ਕੁਝ ਹੋਣ ਵਾਲਾ ਹੈ। ਮਾਸਟਰ ਨਾਲੇਜਫੁੱਲ, ਪਾਵਰਫੁੱਲ ਬਣੋ ਤਾਂ ਕਦੇ ਹਾਰ ਹੋ ਨਹੀਂ ਸਕਦੀ।

ਸਲੋਗਨ:- ਪਵਿੱਤਰਤਾ ਹੀ ਨਵੀਨਤਾ ਹੈ ਅਤੇ ਇਹ ਹੀ ਗਿਆਨ ਦਾ ਫਾਉਂਡੇਸ਼ਨ ਹੈ।

******

ਇਹ ਅਵਿਅਕਤ ਇਸ਼ਾਰੇ :- ਮਹਾਨ ਬਣਨ ਦੇ ਲਈ ਮਧੁਰਤਾ ਅਤੇ ਨਿਮਰਤਾ ਦਾ ਗੁਣ ਧਾਰਨ ਕਰੋ।

ਤੁਸੀਂ ਬੱਚਿਆਂ ਦੀ ਚਲਣ ਵਿਚ ਮਧੁਰਤਾ ਅਤੇ ਮਨਸਾ ਬੇਹੱਦ ਦੀ ਵੈਰਾਗ ਵ੍ਰਿਤੀ ਹੋਵੇ। ਦੋਵੇਂ ਸਮ੍ਰਿਤੀ ਰਹੇ ਤਾਂ ਪਾਸ ਵਿਦ ਆਨਰਜ਼ ਬਣ ਜਾਵੋਗੇ। ਮਧੁਰਤਾ ਅਤੇ ਨਿਮਰਤਾ ਇਨ੍ਹਾਂ ਵਿਸ਼ੇਸ਼ ਦੋ ਧਾਰਨਾਵਾਂ ਨਾਲ ਸਦਾ ਵਿਸ਼ਵ ਕਲਿਆਣਕਾਰੀ, ਮਹਾਦਾਨੀ, ਵਰਦਾਨੀ ਬਣ ਜਾਵੋਗੇ ਅਤੇ ਸਹਿਜ ਹੀ ਸਨੇਹ ਦਾ ਸਬੂਤ ਦੇ ਸਕੋਗੇ।